7D

੧ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ: 57

# ਬਾਣੀ ਤੇ ਬਾਣਾ ਅਤੇ ਵਰਦੀ ਦੀ ਲੋੜ

ਪ੍ਰਕਾਸ਼ਕ :

ਗੁਰਮਤਿ ਪ੍ਰਚਾਰ ਸਭਾ

ਪਟਿਆਲਾ

| ਨਵੰਬਰ | ਸੰਮਤ ਖਾਲਸਾ | ਦੂਜੀ ਵਾਰ |
|---|---|---|
| ੧੯੯੬ | ੨੯੮ | ੨੫,੦੦੦ |


ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ਜੀ।

# ਬਾਣਾ ਤੇ ਬਾਣੀ

ਇਹ ਆਮ-ਵੇਖਣ ਵਿੱਚ ਆਉਂਦਾ ਹੈ ਕਿ ਕਿਸੇ ਅਤਿ ਪਿਆਰੇ ਮਿੱਤਰ ਜਾਂ ਸਨੇਹੀ ਦੀ ਦਿਤੀ ਹੋਈ ਕੋਈ ਸੁਗਾਤ (ਚੀਜ਼) ਜਾਂ ਉਸ ਦੀ ਤਸਵੀਰ ਨੂੰ ਵੇਖਣ ਦਾ ਬਾਰ-ਬਾਰ ਦਿਲ ਕਰਦਾ ਹੈ। ਉਸ ਨੂੰ ਮਿਲਣ ਜਾਂ ਉਸ ਦੇ ਨੇੜੇ ਹੋਣ ਨੂੰ ਵੀ ਮਨ ਬਾਰ-ਬਾਰ ਲੋਚਦਾ ਹੈ ਅਤੇ ਕਈ ਵਾਰ ਉਸ ਅਤਿ ਪਿਆਰੇ ਮਨੁੱਖ ਨਾਲ ਮਿਲਦੇ ਜੁਲਦੇ ਚਿਹਨ-ਚਕਰਾਂ ਵਾਲਾ ਕੋਈ ਹੋਰ ਮਨੁੱਖ ਜੇ ਮਿਲ ਪਵੇ ਤਾਂ ਉਸ ਦੀ ਦਿਖ, ਉਸ ਦੀ ਨੁਹਾਰ ਆਪਣੇ ਅਤਿ ਪਿਆਰੇ ਸਨੇਹੀ ਵਰਗੀ ਹੋਣ ਕਾਰਨ ਉਹ ਵੀ ਮਨ ਨੂੰ ਖਿੱਚ ਪਾਉਂਦੀ ਹੈ।

ਕੁਝ ਇਸੇ ਤਰ੍ਹਾਂ ਮੇਰੀ ਵੀਣੀ ਦੁਆਲੇ ਪਿਆ ਲੋਹੇ ਦਾ ਕੜਾ ਮੈਨੂੰ ਚੇਤਾ ਦਿਵਾਉਂਦਾ ਹੈ ਉਸ 'ਆਜਾਨ ਬਾਹੁ' ਗੁਰੂ ਗੋਬਿੰਦ ਸਿੰਘ ਦੀ ਵੀਣੀ ਦਾ, ਜਿਸ ਦੇ ਦੁਆਲੇ ਮੇਰੇ ਵਰਗਾ ਲੋਹੇ ਕੜਾ ਸੋਭਦਾ ਸੀ ਅਤੇ ਜਿਸ ਦੀ ਬਾਂਹ ਦੀਨ-ਦੁਨੀਆ ਦੀ ਰਖਿਆ ਲਈ ਜਦ ਉੱਪਰ ਉਠਦੀ ਸੀ ਤਾਂ ਉਸ ਅੰਦਰ ਦੁਸ਼ਟਾਂ ਨੂੰ ਜੜ੍ਹੋਂ ਉਖਾੜ ਦੇਣ (ਮੂਲ ਉਪਾਰਨ) ਦਾ ਬਲ ਪ੍ਰਗਟ ਹੁੰਦਾ ਸੀ।

ਮੇਰੀ ਕ੍ਰਿਪਾਨ ਮੇਰੇ ਕੋਲ ਨਿਸ਼ਾਨੀ ਹੈ ਉਸ ਕਿਰਪਾਨ ਦੀ ਜੋ ਮੇਰੇ ਕਲਗੀ ਵਾਲੇ ਪਾਤਸ਼ਾਹ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਪਹਿਣਾਉਂਦਿਆਂ ਹੋਇਆ ਕਿਹਾ ਸੀ, ਬੇਟਾ! ਇਹ ਦੁਸ਼ਟ-ਦਮਨੀ ਹੈ ਧਰਮ ਦੇ ਦੋਖੀਆਂ ਦੀ; ਇਹ ਸੂਚਕ ਹੈ ਮੇਰੇ ਅਕਾਲ ਦੀ ਸ਼ਕਤੀ ਦੀ; ਜਿਸ ਨੂੰ ਪੂਰੇ ਬਲ ਅਤੇ ਪੂਰੇ ਵਿਸ਼ਵਾਸ ਨਾਲ ਜਾ ਕੇ ਵਾਹੋ (ਚਲਾਓ) ਕਿਉਂਕਿ ਇਸ ਨਾਲ ਹੀ ਅਧਰਮ ਦੀ ਜਿਥੇ ਖੈ ਹੋਣੀ ਹੈ, ਉਥੇ ਧਰਮੀਆਂ ਦੀ ਜੈ ਜੈ ਕਾਰ ਹੋਣੀ ਹੈ ਤੇ ਹੁੰਦੀ ਆਈ ਹੈ।

ਮੇਰੇ ਪਾਸ ਇਹ ਕ੍ਰਿਪਾਨ ਨਿਸ਼ਾਨੀ ਹੈ ਉਸ ਕ੍ਰਾਂਤੀ ਦੀ ਜੋ ਮੇਰੇ ਸਤਿਗੁਰੂ ਨੇ ੭੦੦ ਸਾਲ ਦੇ ਮੁਰਦਾ ਹੋਏ ਭਾਰਤ ਅੰਦਰ ਲਿਆਂਦੀ ਸੀ। ਦੁਨੀਆ ਨੇ ਅਨੇਕਾਂ ਕ੍ਰਾਂਤੀਕਾਰੀਆਂ ਵੇਖੀਆਂ ਹਨ ਅਤੇ ਹਰ ਦੇਸ਼ ਵਿਚ ਆਈ ਕ੍ਰਾਂਤੀ ਉਸ ਦੇਸ਼ ਦੀਆਂ ਲੋੜਾਂ ਅਤੇ ਹਾਲਾਤ ਅਨੁਸਾਰ ਵੱਖ-ਵੱਖ ਰੂਪਾਂ 'ਚ ਹੁੰਦੀ ਹੈ। ਹਰ ਕ੍ਰਾਂਤੀ ਦੀ ਆਪੋ ਆਪਣੀ ਵਿਚਾਰਧਾਰਾ ਅਤੇ ਆਪੋ ਆਪਣੀ ਹੀ ਰੂਪ ਰੇਖਾ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਕ੍ਰਾਂਤੀ ਸੰਸਾਰ ਅੰਦਰ ਲਿਆਂਦੀ ਸੀ ਉਹ ਮਨੁੱਖ ਦੇ ਸਮੁੱਚੇ ਜੀਵਨ ਦੀ ਕ੍ਰਾਂਤੀ ਸੀ। ਉਨ੍ਹਾਂ ਨੇ ਸੰਸਾਰ ਨੂੰ ਐਸੀ ਜੀਵਨ ਜਾਚ ਦਿੱਤੀ ਜੋ ਸੁਮੇਲ ਸੀ ਤਿਆਗ ਅਤੇ ਗ੍ਰਹਿਨ ਦਾ, ਰਾਜ ਅਤੇ ਜੋਗ ਦਾ, ਵੈਰਾਗ ਅਤੇ ਗਿਆਨ ਦਾ, ਸੰਤ ਅਤੇ ਸਿਪਾਹੀ ਦਾ। ਅਜਿਹੇ ਸੁਮੇਲ ਵਾਲੀ ਕ੍ਰਾਂਤੀ ਦਾ ਚਿੱਤਰ ਖਿਚਦੇ ਹੋਏ ਗੁਰੂ ਪਾਤਸ਼ਾਹ ਨੇ ਫੁਰਮਾਇਆ ਸੀ ਕਿ ਇਸ ਕ੍ਰਾਂਤੀ ਨੂੰ ਕਬੂਲਣ ਵਾਲਾ ਸਿਪਾਹੀ ਜੰਗ ਵਿਚ ਜੂਝਦਾ ਹੋਇਆ ਵੀ ਸਦਾ ਵਾਹਿਗੁਰੂ ਜੀ ਦੇ ਭੈ ਵਿਚ ਰਹੇਗਾ। ਉਹ ਦੁਨੀਆ ਅੰਦਰ ਜਸ ਖਟਦਾ ਹੋਇਆ ਵੀ ਆਪਣੇ ਸਰੀਰ ਨੂੰ ਨਾਸ਼ਮਾਨ ਸਮਝ ਕੇ ਸੰਸਾਰਕ ਜਸ ਅਪਜਸ ਤੋਂ ਉਤਾਂਹ ਰਹੇਗਾ। ਧੀਰਜ ਅਤੇ ਬਿਬੇਕ ਬੁੱਧੀ ਵਾਲੇ ਗਿਆਨ ਦੁਆਰਾ ਉਹ ਆਪਣੇ ਅੰਦਰਲੀਆਂ ਸਭ ਤਰ੍ਹਾਂ ਦੀਆਂ ਕਮਜ਼ੋਰੀਆਂ ਅਤੇ ਢਹਿੰਦੀਆਂ ਕਲਾਂ ਤੋਂ ਬਚਿਆ ਰਹੇਗਾ ਜਿਵੇਂ:-

*ਧੰਨ ਜੀਉ ਤਿਹ ਕੋ ਜਗ ਮੈ,*
*ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੇ।*
*ਦੇਹ ਅਨਿਤ ਨ ਨਿਤ ਰਹੈ,*
*ਜਸ ਨਾਵ ਚੜੈ ਭਵ ਸਾਗਰ ਤਾਰੇ।*

*ਧੀਰਜ ਧਾਮ ਬਨਾਏ ਇਹੈ ਤਨ,*
*ਬੁਧ ਸੁ ਦੀਪਕ ਜਿਉ ਉਜਿਆਰੈ।*
*ਗਿਆਨਹਿ ਕੀ ਬਢਨੀ ਮਨਹਿ ਹਾਥ ਲੈ,*
*ਕਾਤਰਤਾ ਕੁਤਵਾਰ ਬੁਹਾਰੈ॥*

ਗੁਰੂ ਮਹਾਰਾਜ ਆਪ ਉਸ ਅਕਾਲ ਪੁਰਖ ਦੇ ਪੁਜਾਰੀ ਸਨ ਜੋ ਕਾਲ ਦਾ ਵੀ ਮਹਾਂ ਕਾਲ ਹੈ, ਜਿਸ ਦੇ ਇਕ ਹੱਥ ਵਿਚ ਸ਼ਸਤਰ ਅਤੇ ਦੂਜੇ ਵਿਚ ਮਾਂ ਦਾ ਡੂੰਘਾ ਪਿਆਰ। ਇਸੇ ਕਰਕੇ ਗੁਰੂ ਮਹਾਰਾਜ ਆਪਣੀ ਬਾਣੀ ਵਿਚ ਜਿਥੇ – 'ਨਮੋ ਸ਼ਸਤਰ ਪਾਨੇ' ਲਿਖਦੇ ਹਨ ਉਥੇ – 'ਨਮੋ ਲੋਕ ਮਾਤਾ' ਵੀ ਕਹਿੰਦੇ ਹਨ। ਗੁਰੂ ਮਹਾਰਾਜ ਦੇ ਕਥਨ ਅਨੁਸਾਰ :-

*ਮਹਾਂ ਕਾਲ ਰਖਵਾਰ ਹਮਾਰੋ*
*ਮਹਾਂ ਲੋਹ ਮੈ ਕਿੰਕਰ ਥਾਰੋ।*

'ਮਹਾਂ ਕਾਲ' ਅਤੇ 'ਸਰਬ ਲੋਹ' ਇਕੋ ਭਾਵ ਵਾਲੇ ਸ਼ਬਦ ਵਰਤੇ ਗਏ ਹਨ। ਸਰਬ ਲੋਹ ਦੀ ਸੂਚਕ ਕ੍ਰਿਪਾਨ ਬਾਰੇ ਆਪ ਕਹਿੰਦੇ ਹਨ:-

*ਮਹਾਂ ਤੇਜ ਕੀ ਤੇਜ ਤੂੰ ਤੇਜਵੰਤੀ*
*ਪਰਜਾ ਮੰਡਣੀ ਦੁਸ਼ਟ ਹੰਦੀ।*

ਆਗਰੇ ਵਿਚ ਬਹਾਦਰ ਸ਼ਾਹ ਦੇ ਦਰਬਾਰ ਵਿਚ ਬੈਠਿਆਂ ਇਕ ਦਰਬਾਰੀ ਨੇ ਜਦ ਬਾਰ-ਬਾਰ ਆਪ ਨੂੰ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਆਪ ਨੇ ਤਲਵਾਰ ਧੂਹ ਲਈ ਅਤੇ ਉੱਤਰ ਦਿੱਤਾ ਕਿ ਸਭ ਤੋਂ ਵੱਡੀ ਕਰਾਮਾਤ ਇਹ ਹੈ ਜੋ ਕੌਮਾਂ ਦੀ ਕਿਸਮਤ ਪਲਟ ਦੇਂਦੀ ਹੈ।

## ਕ੍ਰਿਪਾਨ ਸੁਤੰਤਰਤਾ ਦਾ ਚਿੰਨ੍ਹ ਹੈ

ਦੁਨੀਆ ਦੀਆਂ ਸਭ ਹਕੂਮਤਾਂ, ਹਰ ਸਮੇਂ ਸ਼ਸਤਰਾਂ ਉੱਤੇ ਆਪਣਾ ਵਸੀਕਾਰ ਰੱਖਦੀਆਂ ਆਈਆਂ ਹਨ ਤੇ ਰੱਖ ਰਹੀਆਂ ਹਨ।

ਦੂਜੇ ਸ਼ਬਦਾਂ 'ਚ ਸ਼ਸਤਰਾਂ ਉੱਤੇ ਹਮੇਸ਼ਾਂ ਬੰਦਸ਼ਾਂ ਲਾਈਆਂ ਜਾਂਦੀਆਂ ਰਹੀਆਂ ਹਨ। ਪਰ ਗੁਰੂ ਮਹਾਰਾਜ ਦਾ ਕ੍ਰਿਪਾਨ ਨੂੰ ਸਾਡੀ ਸਿਖ ਰਹਿਣੀ ਦਾ ਨਿਤਾਪ੍ਰਤ ਦਾ ਅੰਗ ਬਣਾ ਦੇਣਾ, ਸਿੱਖ ਦੇ ਸੁਤੰਤਰ ਜੀਵਨ ਦਾ ਪ੍ਰਤੀਕ ਹੈ। ਇਹ ਕ੍ਰਿਪਾਨ ਸਾਨੂੰ ਉਸ ਗੁਰੂ ਦੀ ਯਾਦ ਦਿਵਾਉਂਦੀ ਹੈ ਜਿਸ ਨੇ ਅਕਾਲਪੁਰਖ ਤੋਂ ਬਿਨਾਂ ਕਦੀ ਕਿਸੇ ਦੀ ਈਨ ਨਹੀਂ ਮੰਨੀ। ਇਸ ਤਰ੍ਹਾਂ ਸਿੱਖ ਦੀ ਇਹ ਕ੍ਰਿਪਾਨ ਇਸ ਗੱਲ ਦੀ ਨਿਸ਼ਾਨੀ ਹੈ ਕਿ ਉਹ ਗੁਲਾਮੀ ਵਾਲਾ ਜੀਵਨ ਨਹੀਂ ਜੀਉਂਦਾ। ਗੁਲਾਮੀ-ਗੁਲਾਮੀ ਹੀ ਹੈ ਭਾਵੇਂ ਉਹ ਰਾਜਸੀ ਹੈ ਭਾਵੇਂ ਸਮਾਜਕ ਅਤੇ ਭਾਵੇਂ ਆਰਥਕ।

ਕ੍ਰਿਪਾਨ ਇਸ ਗੱਲ ਦੀ ਚਿਤਾਉਣੀ ਵੀ ਦਿਵਾਉਂਦੀ ਹੈ ਅਤੇ ਇਤਿਹਾਸ ਵੀ ਗਵਾਹ ਹੈ ਕਿ ਕ੍ਰਿਪਾਨਧਾਰੀ ਸਿੱਖ ਬੇਅੱਣਖੇ ਜੀਵਨ ਨਾਲੋਂ ਮਰ ਜਾਣਾ ਚੰਗਾ ਸਮਝਦਾ ਹੈ। ਇਸ ਤਰ੍ਹਾਂ ਆਪਣੀ ਕੌਮੀ ਅਣਖ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ ਕਿ ਕ੍ਰਿਪਾਨ ਨੂੰ ਅਸੀ ਸਦਾ ਅੰਗ ਸੰਗ ਰਖੀਏ।

੧੯੨੨ ਵਿਚ ਸਿੱਖਾਂ ਅੰਦਰ ਜੋ ਕ੍ਰਿਪਾਨ ਦੀ ਆਜ਼ਾਦੀ ਸਬੰਧੀ ਮੋਰਚਾ ਲਾਇਆ ਗਿਆ ਸੀ ਉਸ ਦੀ ਤਹਿ ਅੰਦਰ ਇਹੋ ਗਲ ਸੀ ਜਿਸ ਨੇ ਸਮੇਂ ਦੀ ਅੰਗ੍ਰੇਜ਼ ਸਰਕਾਰ ਨੂੰ ਮਜਬੂਰ ਕਰ ਦਿੱਤਾ ਸੀ ਕਿ ਉਹ ਕ੍ਰਿਪਾਨ ਉੱਤੇ ਲੱਗੀ ਪਾਬੰਦੀ ਨੂੰ ਹਟਾ ਲਵੇ।

੧੬੯੯ ਦੀ ਵੈਸਾਖੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਡੇ ਸਿੱਖੀ ਜੀਵਨ ਅੰਦਰ ਸ਼ਸਤਰ ਦਾ ਪ੍ਰਵੇਸ਼ ਕਰਾਉਂਦੇ ਹੋਏ ਹੁਕਮ ਕੀਤਾ ਹੈ ਕਿ ਅਗੋਂ ਤੋਂ ਗੁਰੂ ਕੇ ਸਿੱਖ ਚਰਣ ਪਾਹੁਲ ਦੀ ਥਾਂ ਸ਼ਸਤਰ (ਖੰਡੇ) ਦੀ ਪਾਹੁਲ (ਖੰਡੇ ਨਾਲ ਤਿਆਰ ਕੀਤਾ ਅੰਮ੍ਰਿਤ) ਲਿਆ ਕਰਨਗੇ ਅਤੇ ਸ਼ਸਤਰ (ਕ੍ਰਿਪਾਨ) ਨੂੰ ਸਦਾ ਅੰਗ ਸੰਗ ਰੱਖਣਗੇ। ਮਹਾਂ ਕਵੀ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਗੁਰੂ ਮਹਾਰਾਜ ਦੇ ਖ਼ਾਲਸੇ

ਪ੍ਰਤੀ ਹੁਕਮ ਨੂੰ ਇਸ ਤਰ੍ਹਾਂ ਲਿਖਦੇ ਹਨ :-

*ਜਬ ਹਮਰੇ ਦਰਸ਼ਨ ਕੋ ਆਵਹੁ*
*ਬਨ ਸੁਚੇਤ ਸ਼ਸਤਰ ਸਜਾਵਹੁ।*
*ਕਮਰ ਕਸਾ ਕਰ ਦਿਹੁ ਦਿਖਾਈ*
*ਹਮਰੀ ਖੁਸ਼ੀ ਹੋਇ ਅਧਿਕਾਈ।*

ਇਕ ਥਾਂ ਹੋਰ :-

*ਸਿੱਖ ਹੋਇ ਬਿਨ ਲੋਹ ਜੋ ਫਿਰੈ*
*ਆਵਤ ਜਾਵਤ ਜਨਮੈ ਮਰੈ।*

ਇਸ ਤਰ੍ਹਾਂ ਖੰਡੇ ਦਾ ਅੰਮ੍ਰਿਤ ਅਤੇ ਗਾਤਰੇ ਦੀ ਕ੍ਰਿਪਾਨ, ਸਮੇਂ ਦੇ ਸਮਾਜ ਅਤੇ ਰਾਜ ਦੀ ਕਈ ਸੋ ਸਾਲਾਂ ਤੋਂ ਪਈ ਛੱਟ (ਗੁਲਾਮੀ) ਵਿਰੁੱਧ ਨੰਗੀ ਬਗਾਵਤ ਸੀ।

ਸਮਾਜ ਦੇ ਮੁਖੀ, ਮੌਲਵੀ ਤੇ ਬ੍ਰਾਹਮਣ ਹੋਰ ਸਾਰੀ ਜਨਤਾ ਨੂੰ ਆਪਣੇ ਤੋਂ ਹੀਣਾ (ਨੀਵਾਂ) ਜਾਣ ਕੇ ਰੋਟੀ-ਬੇਟੀ ਦੀ ਸਾਂਝ ਰੱਖਣ ਤੋਂ ਇਨਕਾਰੀ ਸਨ। ਗੁਰੂ ਜੀ ਨੇ ਸਭ ਨੂੰ ਇਕੋ ਬਾਟੇ ਵਿਚ ਖੰਡੇ ਦਾ ਅੰਮ੍ਰਿਤ ਛਕਾ ਕੇ, ਇਕੋ ਤਰ੍ਹਾਂ ਦੀ ਰਹਿਣੀ ਤੇ ਰੂਪ ਦੇ ਕੇ ਜਿਥੇ ਬ੍ਰਹਮਣ ਅਤੇ ਮੌਲਵੀ ਦੀ ਪਾਈ ਹੋਈ ਗੁਲਾਮੀ ਦੀਆਂ ਜੜ੍ਹਾਂ ਕਟੀਆਂ ਉਥੇ ਕ੍ਰਿਪਾਨ ਦਾ ਧਾਰਨੀ ਜਰੂਰੀ ਬਣਾ ਕੇ ਜਬਰ ਅਤੇ ਜ਼ੁਲਮ ਵਿਰੁੱਧ ਡੱਟ ਜਾਣ ਦੀ ਤਾਕੀਦ ਕਰਦੇ ਹੋਏ ਸਾਧਾਰਨ ਜਨਤਾ ਦੇ ਦਿਲਾਂ ਅੰਦਰੋਂ ਰਾਜ ਭੈ ਲਾਹ ਦੇਣ ਦਾ ਉਪਰਾਲਾ ਵੀ ਕੀਤਾ।

ਜਿਸ ਤਰ੍ਹਾਂ ਮੇਰੇ ਗਾਤਰੇ ਦੀ ਕ੍ਰਿਪਾਨ ਮੇਰੇ ਆਜ਼ਾਦ ਜੀਵਣ ਦੀ ਪ੍ਰਤੀਕ ਹੈ ਉਸੇ ਤਰ੍ਹਾਂ ਮੇਰੇ ਕੇਸ, ਮੇਰੀ ਦਾਹੜੀ ਅਤੇ ਮੇਰੇ ਸਿਰ ਦੀ ਦਸਤਾਰ ਮੇਰੇ ਕੋਲ ਮੇਰੇ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਹੈ। ਉਨ੍ਹਾਂ ਵੱਲੋਂ ਪਛਾਣ ਕਾਰਡ (Identity Card) ਹੈ।

ਜਿਸ ਤਰ੍ਹਾਂ ਅਸੀਂ ਗੁਰੂ ਮਹਾਰਾਜ ਦੇ ਸ਼ਸਤਰਾਂ ਦਾ

ਸਤਿਕਾਰ ਕਰਦੇ ਹਾਂ ਕਿ ਇਹ ਗੁਰੂ ਜੀ ਦੇ ਹਨ, ਇਸੇ ਤਰ੍ਹਾਂ ਇਹ ਦਾਹੜੀ ਕੇਸ ਅਤੇ ਦਸਤਾਰ ਵਾਲਾ ਰੂਪ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ। ਇਹ ਉਤਨੇ ਹੀ ਸਤਿਕਾਰ ਦੇ ਪਾਤਰ ਹਨ ਜਿਤਨੇ ਗੁਰੂ ਦੇ ਸ਼ਸਤਰ ਜਾਂ ਗੁਰੂ ਸਾਹਿਬ ਦੀ ਹੋਰ ਕੋਈ ਵਸਤੂ। ਇਸ ਲਈ ਇਨ੍ਹਾਂ ਦੀ ਭੰਨ ਤੋੜ ਜਾਂ ਇਨ੍ਹਾਂ ਦਾ ਤ੍ਰਿਸਕਾਰ ਗੁਰੂ ਦੇ ਰੂਪ ਦੇ ਤ੍ਰਿਸਕਾਰ ਸਮਾਨ ਹੈ।

ਜਿਵੇਂ ਕਿਸੇ ਪੁਲਿਸ ਜਾਂ ਮਿਲਟਰੀ ਅਫ਼ਸਰ ਦਾ ਸਤਿਕਾਰ ਉਸ ਦੀ ਵਰਦੀ ਨਾਲ ਹੁੰਦਾ ਹੈ। ਜਦੋਂ ਉਹ ਵਰਦੀ ਉਤਾਰ ਕੇ ਸਾਧਾਰਨ ਮਨੁੱਖਾਂ ਵਾਂਗ ਵਿਚਰਨ ਲਗ ਜਾਵੇ ਤਾਂ ਵੇਖਣ ਵਾਲੇ ਉਸ ਨੂੰ ਉਸ ਦੇ ਅਫ਼ਸਰ ਹੋਣ ਵਾਲਾ ਸਤਿਕਾਰ ਨਹੀਂ ਦੇਂਦੇ।

ਇਹੋ ਦਸ਼ਾ 'ਸਾਬਤ ਸੂਰਤ ਦਸਤਾਰ ਸਿਰਾ' ਵਾਲੇ ਸਿੱਖ ਦੇ ਰੂਪ ਦੀ ਹੈ। ਪ੍ਰੰਤੂ ਫ਼ੌਜੀ ਵਰਦੀ ਵਾਂਗ ਇਹ ਸਾਡੀ ਵਰਦੀ ਅਜਿਹੀ ਨਹੀਂ ਜੋ ਜਦੋਂ ਚਾਹਿਆ ਉਤਾਰ ਰਖੀ ਜਾਂ ਪਹਿਣ ਲਈ। ਇਹ ਹਮੇਸ਼ਾਂ ਪੱਕੇ ਤੌਰ 'ਤੇ ਰਹਿਣ ਵਾਲੀ ਅਤੇ ਆਪਣੇ ਵਿਚ ਗੁਰੂ ਗੋਬਿੰਦ ਸਿੰਘ ਦੇ ਰੂਪ ਦੀ ਪੱਕੀ ਯਾਦ ਟਿਕਾਈ ਹੋਈ ਹੈ।

ਮੇਰੇ ਕੇਸਾਂ ਵਿਚ ਰੱਖੇ ਕੰਘੇ ਅਤੇ ਲੱਕ ਦੇ ਕਛਹਿਰੇ ਦੀ ਭਾਵੇਂ ਆਪੋ ਆਪਣੀ ਥਾਂ ਅਤੇ ਲੋੜ ਹੈ ਅਤੇ ਮੇਰੇ ਸਰੀਰ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਵੀ ਹਨ ਪਰ ਇਨ੍ਹਾਂ ਨੂੰ ਪਹਿਣਨਾ ਉਸ ਰੂਪ ਨੂੰ ਸੰਪੂਰਨਤਾ ਦੇਂਦੇ ਹਨ ਜੋ ਮੇਰੇ ਗੁਰੂ ਦਾ ਰੂਪ ਹੈ। ਇਸ ਤਰ੍ਹਾਂ ਇਹ ਮੇਰੇ ਕੇਸ, ਕੜਾ, ਕਿਰਪਾਨ, ਕੰਘਾ ਤੇ ਕਛਹਿਰਾ ਮੇਰੇ ਗੁਰੂ ਦੀ ਦੇਣ ਹਨ ਜਿਸ ਲਈ ਮੈਂ ਇਨ੍ਹਾਂ ਨੂੰ ਪਿਆਰਦਾ ਹਾਂ ਤੇ ਸਦਾ ਅੰਗ ਸੰਗ ਰਖਦਾ ਹਾਂ।

ਜਿਵੇਂ ਇਕ ਵਿਆਹੁਤਾ ਇਸਤ੍ਰੀ ਆਪਣੇ ਪਤੀ ਪਸੰਦ-ਪੁਸ਼ਕ ਤੇ ਹਾਰ ਸ਼ਿੰਗਾਰ ਪਹਿਣ ਕੇ ਪਤੀ ਨੂੰ ਰੀਝਾਉਣ

ਦਾ ਸਾਧਨ ਕਰਦੀ ਹੈ ਇਸੇ ਤਰ੍ਹਾਂ ਮੇਰੇ ਗੁਰੂ ਦੀ ਪ੍ਰਸੰਨਤਾ ਇਨਾਂ ਨੂੰ ਪਹਿਣਨ ਵਿਚ ਹੈ। ਮੇਰੇ ਲਈ ਇਕੋ ਦਲੀਲ ਕਾਫ਼ੀ ਹੈ ਕਿ ਮੇਰੇ ਗੁਰੂ ਨੇ ਮੈਨੂੰ ਅਜਿਹਾ ਕਰਨ ਲਈ ਕਿਹਾ ਹੈ:-

*ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ਼,*
*ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼*
*ਕੜਾ ਕਾਰਦੋ ਕਾਛ ਕੰਗਾ ਬਿਦਾਂ*
*ਬਿਨਾਂ ਕੇਸ ਹੇਚ ਅਸਤ ਜੁਮਲਾ ਨਿਸ਼ਾਂ।* (ਦਸਮ ਗ੍ਰੰਥ)

ਇਸ ਵਿਚ ਸਭ ਤੋਂ ਵੱਧ ਮਹਾਨਤਾ ਕੇਸਾਂ ਨੂੰ ਦਿੱਤੀ ਗਈ ਹੈ। ਬੇਸ਼ਕ ਚਾਰੇ ਕਕਾਰ, ਕੜਾ, ਕਿਰਪਾਨ, ਕੰਘਾ, ਕਛਹਿਰਾ ਕੋਲ ਹੋਣ ਪ੍ਰੰਤੂ ਕੇਸਾਂ ਤੋਂ ਬਗੈਰ ਇਹ ਚਾਰੇ ਤੁਛ ਹਨ (ਇਨ੍ਹਾਂ ਦੀ ਕੋਈ ਮਹਾਨਤਾ ਨਹੀਂ) ਇਸ ਦਾ ਭਾਵ ਇਹ ਵੀ ਨਹੀਂ ਕਿ ਇਕੱਲੇ ਕੇਸ ਰੱਖ ਲੈਣ ਨਾਲ ਇਹ ਚਾਰੇ ਮਾਫ਼ ਹੋ ਜਾਂਦੇ ਹਨ ਕਿਉਂਕਿ ਭਾਈ ਸਾਹਿਬ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ ਤੋਂ ਹੋਰ ਸਪਸ਼ਟ ਹੋ ਜਾਦਾ ਹੈ ਕਿ ਇਨ੍ਹਾਂ ਪੰਜਾਂ ਵਿਚੋਂ ਕਿਸੇ ਦੀ ਵੀ ਛੋਟ ਨਹੀਂ:-

*ਕੱਛ, ਕੇਸ, ਕੰਘਾ, ਕਿਰਪਾਨ,*
*ਕੜਾ ਔਰ ਜੋ ਕਰੇ ਬਖਾਨ।*
*ਇਹ ਕੱਕੇ ਪੰਜ ਤੁਮ ਮਾਨੋ,*
*ਗੁਰੂ ਗ੍ਰੰਥ ਕੋ ਤੁਮ ਸਭ ਜਾਨੋ*

ਜਿਵੇਂ ਪਤੀ ਪਸੰਦ ਹਾਰ-ਸ਼ਿੰਗਾਰ ਲਗਾਉਣ ਤੋਂ ਇਲਾਵਾ ਪਤਨੀ ਲਈ ਇਹ ਵੀ ਜ਼ਰੂਰੀ ਹੈ ਕਿ ਉਸ ਦੇ ਬੋਲ-ਤੋਲ ਤੇ ਸੁਭਾਉ ਵੀ ਉਸ ਦੇ ਪਤੀ ਦੀ ਮਰਜ਼ੀ ਅਨੁਸਾਰ ਹੋਵੇ ਤਾਂ ਹੀ ਉਹ ਪਤੀ ਦੇ ਮਨ ਨੂੰ ਚੰਗੀ ਤਰ੍ਹਾਂ ਰੀਝਾ ਸਕਦੀ ਹੈ, ਇਸੇ ਤਰ੍ਹਾਂ ਗੁਰੂ ਦੇ ਪਸੰਦ ਆਉਣ ਵਾਲਾ ਪਹਿਰਾਵਾ (ਬਾਣਾ) ਸਜਾਉਣ ਦੇ ਨਾਲ-ਨਾਲ ਆਪਣੇ ਬੋਲ-ਤੋਲ ਅਤੇ

ਵਰਤੋਂ ਵਿਹਾਰ ਨੂੰ ਗੁਰੂ ਮਹਾਰਾਜ ਦੇ ਅਨੁਕੂਲ ਬਣਾਉਣਾ ਜ਼ਰੂਰੀ ਹੈ ਤਾਂ ਹੀ ਸਿੱਖ ਗੁਰੂ ਦੇ ਪਿਆਰ ਦਾ ਪਾਤਰ ਹੋ ਸਕਦਾ ਹੈ।

ਇਸ ਗੱਲ ਨੂੰ ਹੋਰ ਸਪਸ਼ਟ ਕਰਨ ਲਈ ਉਦਾਹਰਣ ਵੱਜੋਂ ਹਰ ਸਰਕਾਰ ਦਾ ਆਪਣਾ ਸਿੱਕਾ ਹੁੰਦਾ ਹੈ, ਜਿਸ ਉੱਪਰ ਸਬੰਧਤ ਰਾਜੇ (ਬਾਦਸ਼ਾਹ) ਦੀ ਜਾਂ ਸਰਕਾਰ ਦੀ ਪ੍ਰਵਾਣਿਤ ਮੋਹਰ ਹੁੰਦੀ ਹੈ। ਸਿੱਕੇ ਉੱਤੇ ਜੇ ਇਹ ਪ੍ਰਵਾਣਿਤ ਮੋਹਰ ਉਕਰੀ ਨ ਹੋਵੇ ਤਾਂ ਸਿਕੇ ਦਾ ਕੋਈ ਮੁੱਲ ਨਹੀਂ ਹੁੰਦਾ। ਮੋਹਰ ਸਿੱਕੇ ਦੀ Face Value ਦੀ ਲਖਾਇਕ ਹੁੰਦੀ ਹੈ। ਅਰਥਾਤ ਇਸ ਮੋਹਰ ਤੋਂ ਸਾਨੂੰ ਇਹ ਨਿਸ਼ਚਾ ਹੁੰਦਾ ਹੈ ਕਿ ਦੇਸ਼ ਅੰਦਰ ਜਿਥੇ ਵੀ ਇਹ ਲਿਜਾਇਆ ਜਾਏਗਾ ਇਹ ਆਪਣਾ ਮੁੱਲ ਪਵਾਏਗਾ। ਪ੍ਰੰਤੂ ਕਈ ਵਾਰ ਸਿੱਕੇ ਉੱਤੇ ਮੋਹਰ ਠੀਕ ਹੁੰਦੀ ਹੈ ਤਾਂ ਵੀ ਇਸ ਨੂੰ ਖੋਟਾ ਕਹਿ ਕੇ ਮੋੜ ਦਿੱਤਾ ਜਾਂਦਾ ਹੈ; ਕਿਉਂਕਿ ਇਸ ਅੰਦਰ ਪ੍ਰਵਾਣਿਤ ਮਿਣਤੀ ਦੀ ਧਾਤ (ਸੋਨਾ-ਚਾਂਦੀ ਆਦਿ) ਨਹੀਂ ਹੁੰਦਾ। ਇਸ ਨੂੰ ਸਿੱਕੇ ਦੀ Intrinsic (ਅੰਦਰਲੀ)Value ਸਮਝੋ। ਇਸ ਤਰ੍ਹਾਂ ਉਹੋ ਸਿੱਕਾ ਪ੍ਰਵਾਨ ਚੜ੍ਹਦਾ ਹੈ ਜਿਸਦੀ Face value ਅਤੇ Intrinsic value ਦੋਵੇਂ ਪ੍ਰਵਾਣਿਤ ਮੇਚੇ ਦੀਆਂ ਹੋਣ- ਭਾਵ ਸਰਕਾਰੀ ਮੋਹਰ ਵੀ ਠੀਕ ਹੋਵੇ ਅਤੇ ਉਸ ਵਿਚ ਵਰਤੀ ਧਾਤੂ (ਸੋਨਾ ਚਾਂਦੀ ਆਦਿ) ਵੀ ਪੂਰੀ ਮਿਣਤੀ ਦੀ ਹੋਵੇ। ਠੀਕ ਇਉਂ ਹੀ ਗੁਰੂ ਦੇ ਸਿੱਖਾਂ ਦਾ ਬਾਣਾ ਅਤੇ ਬਾਣੀ ਹੈ। ਬਾਣਾ ਇਸ ਦੀ Face value ਹੈ ਅਤੇ ਬਾਣੀ ਇਸ ਦੀ Intrinsic value ਹੈ। ਬਾਣਾ ਇਸ ਦੇ ਸਰੀਰ ਦਾ ਸ਼ਿੰਗਾਰ ਹੈ ਅਤੇ ਬਾਣੀ ਆਤਮਾ ਦਾ ਆਧਾਰ ਹੈ।

ਜਿਵੇਂ ਸਰੀਰ ਦੀ ਸੋਭਾ ਆਤਮਾ ਨਾਲ ਹੈ ਅਤੇ ਆਤਮਾ ਸਰੀਰ ਤੋਂ ਬਗ਼ੈਰ ਪ੍ਰਤੱਖ ਨਹੀਂ ਹੁੰਦੀ। ਇਵੇਂ ਹੀ ਸਿੱਖ ਜੀਵਨ

ਲਈ ਗੁਰੂ ਕਾ ਬਾਣਾ ਅਤੇ ਗੁਰੂ ਕੀ ਬਾਣੀ ਹੈ।

ਜੇ ਬਾਣਾ ਤਾਂ ਸਿੰਘ ਦਾ ਰਖਦੇ ਹਨ ਪ੍ਰੰਤੂ ਅੰਦਰ ਸਿੱਖੀ ਜੀਵਨ ਦੀ ਲਾਗ ਤੋਂ ਬਗੈਰ ਹੈ, ਉਹ ਨਿਰਾ ਭੇਖ ਹੈ ਅਤੇ ਨਿਰਾ ਭੇਖ ਗੁਰੂ ਨੂੰ ਪਸੰਦ ਨਹੀਂ।

*"ਭੇਖੀ ਪ੍ਰਭੂ ਨ ਲਭਈ,*
*ਸੁਣ ਸਚੀ ਸਿਖੰ"*

ਇਸੇ ਤਰ੍ਹਾਂ ਜਿਨ੍ਹਾਂ ਦੇ ਅੰਦਰ ਬਾਣੀ ਦਾ ਆਧਾਰ ਤਾਂ ਹੈ ਪ੍ਰੰਤੂ ਸਿੰਘ ਦਾ ਬਾਣਾ ਅਥਵਾ ਰੂਪ ਨਹੀਂ ਉਹ ਪ੍ਰਵਾਣਿਤ ਸਰਕਾਰੀ ਮੋਹਰ ਤੋਂ ਬਗ਼ੈਰ ਧਾਤੂ ਦਾ ਇਕ ਪਤਰਾ ਹੈ ਜਿਸ ਦਾ ਮੁੱਲ ਕੋਈ ਜੋਹਰੀ ਤਾਂ ਭਾਵੇਂ ਪਾ ਲਵੇ ਪ੍ਰੰਤੂ ਜਨਤਾ ਅੰਦਰ ਉਹ ਆਪਣਾ ਮੁੱਲ ਨਹੀਂ ਪਵਾ ਸਕਦਾ।

ਸੋ ਸਿੰਘ ਦੀ ਹੋਂਦ ਲਈ ਗੁਰੂ ਕੀ ਬਾਣੀ ਅਤੇ ਗੁਰੂ ਕਾ ਬਾਣਾ ਦੋਵੇਂ ਵਿਸ਼ੇਸ਼ ਮਹਾਨਤਾ ਤੇ ਮਹੱਤਤਾ ਰੱਖਦੇ ਹਨ। ਇਸ ਨਾਲ ਹੀ ਦੁਨੀਆ ਅੰਦਰ ਉਸ ਦਾ ਜੀਵਨ ਸਫਲ ਸਮਝਿਆ ਜਾ ਸਕਦਾ ਹੈ।

## ਵਰਦੀ ਦੀ ਲੋੜ

ਵਰਦੀ, ਦੁਨੀਆ ਵਿਚ ਸ਼ੁਰੂ ਤੋਂ ਹੀ ਹਰ ਕਿਸਮ ਦੀ ਜਥੇਬੰਦੀ ਲਈ ਬੜੀ ਜ਼ਰੂਰੀ ਸਮਝੀ ਗਈ ਹੈ। ਇਹ ਕਹਿਣ ਵਿਚ ਅਤਿਕਥਨੀ ਨਹੀਂ ਹੋਵੇਗੀ ਕਿ ਵਰਦੀ ਤੋਂ ਬਗ਼ੈਰ ਕੋਈ ਜੱਥੇਬੰਦੀ ਸਫ਼ਲਤਾ ਨਾਲ ਚਲ ਹੀ ਨਹੀਂ ਸਕਦੀ। ਕਿਉਂਕਿ ਜਥੇਬੰਦੀ ਵਾਸਤੇ ਦੋ ਚੀਜ਼ਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ:-

੧. ਜਥੇਬੰਦੀ ਦਾ ਆਦਰਸ਼ ਜਾਂ ਮਨੋਰਥ

੨. ਉਨਾਂ ਆਦਰਸ਼ਾਂ ਜਾਂ ਮਨੋਰਥਾਂ ਨੂੰ ਪੂਰਾ ਕਰਨ ਵਾਲੇ ਮੈਂਬਰ। ਆਦਰਸ਼ ਜਾਂ ਮਨੋਰਥਾਂ ਦੀ ਕੋਈ ਸ਼ਕਲ-ਸੂਰਤ ਤਾਂ ਹੁੰਦੀ ਨਹੀਂ ਜੋ ਇਨ੍ਹਾਂ ਨੂੰ ਅਸੀਂ ਇਨਾਂ ਅੱਖਾਂ ਨਾਲ ਵੇਖ

ਸਕਦੇ। ਜਿਸ ਕਰਕੇ ਇਨਾਂ ਆਦਰਸ਼ਾਂ ਜਾਂ ਮਨੋਰਥਾਂ ਨੂੰ ਪੂਰਾ ਕਰਨ ਵਾਲੇ ਮੈਂਬਰਾਂ ਨੂੰ ਦੂਸਰੇ ਮਨੁੱਖਾਂ ਨਾਲੋਂ ਨਿਖੇੜਨ ਲਈ, ਉਨ੍ਹਾਂ ਦੇ ਪਹਿਰਾਵੇ ਆਦਿ ਵਿਚ ਕੁਝ ਐਸੇ ਚਿੰਨ੍ਹ ਰਖੇ ਜਾਂਦੇ ਹਨ ਜਿਨ੍ਹਾਂ ਕਰਕੇ ਉਹ ਹਮੇਸ਼ਾਂ ਦੂਸਰੇ ਮਨੁੱਖਾਂ ਨਾਲੋਂ ਵਖਰੇ ਕੀਤੇ ਜਾ ਸਕਣ।

ਦੂਜੇ ਸ਼ਬਦਾਂ 'ਚ ਬਾਹਿਰ ਦੀ ਵਰਦੀ ਜਾਂ ਚਿੰਨ੍ਹ ਮਨੁੱਖ ਦੇ ਅੰਦਰਲੇ ਜੀਵਨ ਆਦਰਸ਼ ਜਾਂ ਜੀਵਨ ਮਨੋਰਥਾਂ ਦੀ ਇਕ ਅਨਕੂਲ ਨਿਸ਼ਾਨੀ ਹੁੰਦੀ ਹੈ ਜਿਸ ਨਾਲ ਉਹ ਦੂਜੇ ਮਨੁੱਖਾਂ ਤੋਂ ਅੱਡ ਕੀਤੇ ਜਾ ਸਕਣ।

ਜਦ ਤਕ ਸਾਰੀ ਮਨੁੱਖਤਾ ਦੇ ਖਿਆਲ-ਵੀਚਾਰ, ਜੀਵਨ ਆਦਰਸ਼ ਇਕੋ ਜਿਹੇ ਨਹੀਂ ਹੁੰਦੇ (ਜੋ ਕਿ ਹੋਣੇ ਅਸੰਭਵ ਹਨ) ਤਦ ਤਕ ਹਰ ਜਥੇਬੰਦੀ ਲਈ ਉਸ ਦੇ ਅੰਦਰਲੇ ਸੂਖਸ਼ਮ ਵੀਚਾਰ; ਆਸ਼ੇ-ਮਨੋਰਥਾਂ ਨੂੰ ਪ੍ਰਗਟ ਕਰਨ ਦਾ ਇਕੋ ਇਕ ਅਨਕੂਲ ਵਸੀਲਾ ਉਸ ਦੀ ਵਰਦੀ ਜਾਂ ਕੋਈ ਹੋਰ ਬਾਹਿਰ ਦੇ ਅਨਕੂਲ ਚਿੰਨ੍ਹਾਂ ਦਾ ਹੋਣਾ ਜ਼ਰੂਰੀ ਹੈ।

ਵਰਦੀ ਜਾਂ ਸਾਡੇ ਇਹ ਬਾਹਰਲੇ (ਧਾਰਮਿਕ) ਚਿੰਨ੍ਹ ਸਾਡੇ ਅੰਦਰਲੇ ਭਾਵਾਂ ਜਾਂ ਨਿਸ਼ਚਿਆਂ ਨੂੰ ਜਿਥੇ ਪ੍ਰਗਟ ਕਰਦੇ ਹਨ ਉਥੇ ਉਨ੍ਹਾਂ ਨੂੰ ਕਾਇਮ ਰੱਖਣ, ਉਨ੍ਹਾਂ ਨੂੰ ਪੱਕਿਆਂ ਕਰਨ 'ਚ ਸਹਾਇਤਾ ਵੀ ਦੇਂਦੇ ਹਨ। ਇਸ ਤਰ੍ਹਾਂ ਇਕੋ ਨਿਸ਼ਚੇ ਵਾਲੇ, ਇਕੋ ਜਿਹੇ ਆਦਰਸ਼ਾਂ ਵਾਲੇ ਮਨੁੱਖਾਂ ਨੂੰ ਇਕੱਠੇ ਰਖਣਾ, ਆਪਸ 'ਚ ਪ੍ਰੇਮ, ਮਿਲਵਰਤਨ ਤੇ ਹਮਦਰਦੀ ਪੈਦਾ ਕਰਨ ਅਤੇ ਇਕੋ ਲੜੀ 'ਚ ਪ੍ਰੋ ਕੇ ਤਾਕਤਵਰ ਬਣਾਉਣ 'ਚ ਇਹ ਵਰਦੀ, ਇਹ ਧਾਰਮਕ ਚਿੰਨ੍ਹ ਬੜੇ ਲੋੜੀਂਦੇ ਹਨ।

ਸਾਡੀ ਸਿੱਖ ਕੌਮ ਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਬੜੇ-ਬੜੇ ਬਿਖੜੇ ਅਤੇ ਭਿਆਨਕ ਸਮਿਆਂ ਵਿਚ ਸਾਨੂੰ ਸਹੀ ਸਲਾਮਤ ਰਖਣ ਵਾਲੇ ਕਾਰਨਾਂ ਵਿਚੋਂ ਇਕ

ਕਾਰਨ ਸਾਡੇ ਕੇਸ, ਕੜਾ ਅਤੇ ਕਛਹਿਰੇ ਆਦਿ ਵੀ ਇਕ ਵੱਡਾ ਕਾਰਨ ਸਨ।

ਜਿਥੇ ਗੁਰੂ ਕੀ ਬਾਣੀ ਨੇ ਗੁਰੂ ਕੇ ਸਿੱਖਾਂ ਨੂੰ ਹਰ ਮੁਸ਼ਕਲ ਸਮੇਂ ਯੋਗ ਅਗਵਾਈ ਦਿੱਤੀ ਉਥੇ ਕੌਮ ਨੂੰ ਇਕੱਠਿਆਂ ਰਖਣ ਵਿਚ ਇਨ੍ਹਾਂ ਪੰਜ ਕਕਾਰਾਂ ਨੇ ਵੀ ਬੜੀ ਮਦਦ ਕੀਤੀ। ਗੁਰਦੁਆਰਾ ਸੁਧਾਰ ਲਹਿਰ (੧੯੨੨-੨੫) ਵਿਚ ਅਕਾਲੀਆਂ ਦੇ ਸਿੱਖੀ ਸਿਦਕ ਨੂੰ ਜੋ ਸਫ਼ਲਤਾ ਮਿਲੀ ਉਸ ਵਿਚ ਇਨਾਂ ਦੇ ਕਾਲੇ ਦਸਤਾਰੇ ਅਤੇ ਕ੍ਰਿਪਾਨ ਦਾ ਵੀ ਬੜਾ ਵੱਡਾ ਰੋਲ ਸੀ।

ਇਸ ਤਰ੍ਹਾਂ ਵਰਦੀ ਜਥੇਬੰਦੀ ਲਈ ਜਿਥੇ ਲਾਭਵੰਦ ਚੀਜ਼ ਹੈ ਉਥੇ ਜੇ ਇਸ ਦੀ ਸਹੀ ਪੋਜ਼ੀਸ਼ਨ ਨੂੰ ਨ ਸਮਝਿਆ ਜਾਏ ਜਾਂ ਇਸ ਦੀ ਨਾਜਾਇਜ਼ ਵਰਤੋਂ ਕੀਤੀ ਜਾਏ ਤਾਂ ਇਹ ਜੱਥੇਬੰਦੀ ਨੂੰ ਕਮਜ਼ੋਰ ਅਤੇ ਬਰਬਾਦ ਕਰਨ ਦਾ ਕਾਰਨ ਵੀ ਬਣ ਸਕਦੀ ਹੈ। ਸਾਡੇ ਮਨੁੱਖੀ ਇਤਿਹਾਸ ਨੇ ਵਰਦੀ ਦੇ ਚੰਗੇ ਅਤੇ ਮਾੜੇ ਦੋਵੇਂ ਪਹਿਲੂ ਪੇਸ਼ ਕੀਤੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਵਰਦੀ ਦੀ ਠੀਕ ਵਰਤੋਂ ਨਾਂਹ ਕਰਕੇ ਨੁਕਸਾਨ ਵੀ ਉਠਾਂਦਾ ਰਿਹਾ ਹੈ।

ਜਿਸ ਜਥੇਬੰਦੀ ਵਿਚ ਉਸ ਦੇ ਆਦਰਸ਼, ਉਸ ਦੇ ਅਸੂਲ ਅਤੇ ਮਨੋਰਥਾਂ ਦਾ ਦਰਜਾ ਉਸ ਦੀ ਬਾਹਰਲੀ ਵਰਦੀ ਤੋਂ ਉੱਚਾ ਰੱਖਿਆ ਜਾਵੇ ਤਾਂ ਉਹ ਵਰਦੀ ਜਥੇਬੰਦੀ ਲਈ ਹਮੇਸ਼ਾਂ ਲਾਭਦਾਇਕ ਅਤੇ ਉਸ ਨੂੰ ਪ੍ਰਫੁਲਤ ਕਰਨ ਵਿਚ ਸਹਾਇਕ ਹੁੰਦੀ ਹੈ ਅਤੇ ਹੋਈ ਹੈ। ਪਰ ਇਸ ਦੇ ਉਲਟ ਜਿੱਥੇ ਵਰਦੀ ਨੂੰ ਅਸੂਲ ਅਤੇ ਆਦਰਸ਼ਾਂ ਤੋਂ ਉੱਤਮ ਮੰਨਿਆ ਜਾਣ ਲੱਗ ਪਵੇ ਤਾਂ ਉਹ ਵਰਦੀ ਉਸ ਜਥੇਬੰਦੀ ਨੂੰ ਘੁੰਨ ਦੀ ਤਰ੍ਹਾ ਖੋਖਲਾ ਤੇ ਕਮਜ਼ੋਰ ਕਰ ਦੇਂਦੀ ਹੈ।

ਉਦਾਹਰਣ ਵਜੋਂ ਜਿਸ ਫ਼ੌਜ ਵਿਚ ਸਰੀਰਕ ਅਰੋਗਤਾ, ਸ਼ਸਤਰ ਵਿਦਿਆ ਅਤੇ ਪ੍ਰੇਡ ਆਦਿ ਵਲ ਤਾਂ ਧਿਆਨ ਨ

ਦਿਤਾ ਜਾਏ ਪਰ ਸਿਪਾਹੀਆਂ ਦੀ ਵਰਦੀ ਉਤੇ ਹੀ ਜ਼ੋਰ ਦਿੱਤਾ ਜਾਏ, ਉਸ ਫੌਜ ਦੀ ਸੁੰਦਰ ਚਮਕੀਲੀ ਵਰਦੀ ਹੋਣ ਤੇ, ਫੌਜੀ ਦ੍ਰਿਸ਼ਟੀਕੋਣ ਤੋਂ ਕੋਈ ਕੀਮਤ ਨਹੀਂ ਹੁੰਦੀ।

ਜੇ ਐਸੀ ਫੌਜ ਨੂੰ ਕਦੀ ਸਰੀਰਕ ਯੋਗਤਾ ਅਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਫੌਜ ਨਾਲ ਲੜਨ ਦਾ ਅਵਸਰ ਬਣ ਜਾਏ ਤਾਂ ਦੱਸੋ ਉਹ ਕੀ ਪੂਰੀਆਂ ਪਾਏਗੀ।

ਕੁਝ ਇਸੇ ਤਰ੍ਹਾਂ ਦੀ ਧਾਰਮਕ ਜਥੇਬੰਦੀਆਂ ਦੀ ਤਹਿ ਵਿਚ ਰਖੇ ਗਏ ਅਸੂਲ ਅਤੇ ਆਦਰਸ਼ਾਂ ਵੱਲੋਂ ਅਣਗਹਿਲੀ ਕਰਨੀ ਜਾਂ ਧਿਆਨ ਨਾਂਹ ਦੇਣਾ ਅਤੇ ਨਿਰੀ ਬਾਹਿਰਲੀ ਵਰਦੀ ਜਾਂ ਸਰੀਰਕ ਰਹਿਤ ਮਰਿਯਾਦਾ ਦੀ ਹੀ ਮਾਨਤਾ ਹੋਣ ਲਗ ਜਾਵੇ ਤਾਂ ਉਹ ਧਾਰਮਕ ਜਥੇਬੰਦੀ ਜਾਂ ਜਥੇਬੰਦੀਆਂ ਉਸ ਫੌਜ ਦੀ ਤਰ੍ਹਾਂ ਥੋਥੀਆਂ ਤੇ ਕਮਜ਼ੋਰ ਹੋ ਜਾਂਦੀਆਂ ਹਨ, ਜਿਸ ਫੌਜ ਨੂੰ ਸ਼ਸਤਰ ਵਿੱਦਿਆ ਜਾਂ ਹੋਰ ਫੌਜੀ ਗੁਣ ਤਾਂ ਆਉਂਦੇ ਨਹੀਂ, ਪਰ ਵਰਦੀ ਬੜੀ ਸੁਹਣੀ-ਸੁਜੀਲੀ ਤੇ ਸੁਥਰੀ ਹੈ। ਜੇ ਕਦੀ ਮੁਕਾਬਲਾ ਕਰਨਾ ਪਵੇ ਤਾਂ ਉਹ ਫੌਜ ਜਿਸ ਪਾਸ ਕੋਈ ਚੰਗੀ ਵਰਦੀ ਨਹੀਂ ਪਰ ਸ਼ਸਤਰ ਵਿਦਿਆ ਤੋਂ ਪੂਰੀ ਜਾਣੂ ਹੈ, ਉਸ ਫੌਜ ਨਾਲੋਂ ਹਜ਼ਾਰ ਗੁਣਾ ਚੰਗੀ ਸਾਬਤ ਹੋਵੇਗੀ ਜਿਸ ਨੂੰ ਸ਼ਸਤਰ ਵਿਦਿਆ ਤਾਂ ਆਉਂਦੀ ਨਹੀਂ ਪਰ ਵਰਦੀ ਪਹਿਣਨ ਵਿਚ ਪੂਰਾ ਕਮਾਲ ਹੈ।

ਸੋ ਸਾਡਾ ਸਿੱਖ ਅਖਵਾਉਣ ਵਾਲਿਆਂ, ਆਗੂਆਂ ਪ੍ਰਚਾਰਕਾਂ ਅਤੇ ਵੀਚਾਰਵਾਨਾਂ ਨੂੰ ਇਤਿਹਾਸ ਤੋਂ ਪੂਰਾ ਲਾਭ ਉਠਾਉਂਦਿਆਂ ਦੇਖਦੇ ਰਹਿਣਾ ਚਾਹੀਦਾ ਹੈ ਕਿ ਸਾਡੀ ਸਿੱਖਾਂ ਦੀ ਬਾਹਰਲੀ ਰਹਿਤ ਮਰਿਯਾਦਾ ਆਪਣੀ ਯੋਗ ਅਤੇ ਅਸਲ ਥਾਂ ਤੋਂ ਅੱਗੇ ਵਧ ਕੇ ਕਿਤੇ ਸਿੱਖਾਂ ਦੀ ਅੰਦਰੂਨੀ ਆਤਮਕ ਅਤੇ ਧਾਰਮਕ ਥਾਂ (ਅਸੂਲਾਂ ਅਤੇ ਆਦਰਸ਼ਾਂ) ਉਤੇ ਕਬਜ਼ਾ ਨਾ ਕਰ ਲਵੇ।

# ਇਕ ਹੋਰ ਗੱਲ

ਇਕ ਹੋਰ ਗੱਲ ਸਾਨੂੰ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਨਾਨਕ ਸਾਹਿਬ ਤੋਂ ਚਲੇ ਆ ਰਹੇ ਸਿੱਖਾਂ ਵਿਚ ਕੇਵਲ ਬਾਹਰਲੀ ਰਹਿਤ-ਬਹਿਤ ਵਿਚ ਹੀ ਤਬਦੀਲੀ ਲਿਆਂਦੀ ਸੀ ਨਾ ਕਿ ਅੰਦਰਲੀ (ਆਤਮਕ) ਰਹਿਤ ਵਿਚ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਤਮਕ ਉਨਤੀ ਸਬੰਧੀ ਵਿਚਾਰ ਬਿਲਕੁਲ ਉਹੋ ਹੀ ਸਨ ਜੋ ਕਿ ਗੁਰੂ ਨਾਨਕ ਪਾਤਸ਼ਾਹ ਦੇ ਸਨ। ਉਨ੍ਹਾਂ ਵਿਚ ਰਤਾ ਜਿਹੀ ਵੀ ਤਬਦੀਲੀ ਨਹੀਂ ਸੀ ਕੀਤੀ ਗਈ।

ਆਪ ਨੇ ਕੇਵਲ ਬਾਹਰਲੀ ਤਬਦੀਲੀ ਜਿਵੇਂ ਦਸਤਾਰ ਸਜਾਉਣਾ, ਕਛਹਿਰਾ ਪਹਿਣਨਾ ਅਤੇ ਕ੍ਰਿਪਾਨਧਾਰੀ ਹੋਣਾ ਆਦਿ ਉਸ ਸਮੇਂ ਦੇ ਸਿੱਖਾਂ ਲਈ ਜ਼ਰੂਰੀ ਨੀਅਤ ਕਰਕੇ ਪਹਿਲੇ ਸਮੇਂ ਦੇ ਸਿੱਖਾਂ ਨੂੰ ਹੀ ਨਵਾਂ-ਵੱਖਰਾ ਰੂਪ ਦਿੱਤਾ ਸੀ ਪਰ ਸਿੱਖਾਂ ਦੇ ਅੰਮ੍ਰਿਤ ਵੇਲੇ ਦਾ ਉਠਣਾ, ਨਾਮ ਬਾਣੀ ਦਾ ਅਭਿਆਸ, ਅਤੇ ਕੀਰਤਨ ਕਥਾ ਆਦਿ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਨਹੀਂ ਸੀ ਕੀਤੀ।

ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਆਦਿ ਦਾ ਪਾਠ ਕਰਨਾ ਸੁਣਨਾ ਉਸੇ ਤਰ੍ਹਾਂ ਹੀ ਰਿਹਾ ਜਿਵੇਂ ਪੁਰਾਤਨ ਸਿੱਖ ਕਰਿਆ ਕਰਦੇ ਸਨ।

ਗੁਰੂ ਮਹਾਰਾਜ ਦੇ ਇਸ ਇਨਕਲਾਬ (ਤਬਦੀਲੀ) ਨੂੰ ਸਮਝਣਾ ਬੜਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਨੇ ਸਿੱਖ ਦੀ ਬਾਹਰਲੀ ਕਾਇਆ ਪਲਟਦਿਆਂ ਉਸ ਨੂੰ ਗਿੱਦੜ ਤੋਂ ਸ਼ੇਰ ਬਣਾ ਦਿੱਤਾ, ਉਸ ਵਿਚ ਸਵਾ ਲੱਖ ਨਾਲ ਲੜਣ ਵਾਲੀ ਸ਼ਕਤੀ ਤਾਂ ਭਰ ਦਿੱਤੀ ਪਰ ਉਸ ਦਾ ਆਤਮਕ ਨਿਸ਼ਾਨਾ

ਸੋਲਾਂ ਆਨੇ ਉਹੋ ਹੀ ਰਹਿਣ ਦਿੱਤਾ ਜੋ ਗੁਰੂ ਨਾਨਕ ਪਾਤਸ਼ਾਹ ਨੇ ਮਿਥਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਾਣੀ ਵਿਚ ਵੀ ਇਹੋ ਫ਼ਰਕ ਹੈ ਕਿ ਉਹ ਛੰਦਾ-ਬੰਦੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲੋਂ ਬਿਲਕੁਲ ਵਖਰੀ ਹੈ, ਪਰ ਮਜ਼ਮੂਨ (ਵਿਸ਼ਾ-ਵਸਤੂ) ਦੇ ਲਿਹਾਜ਼ ਨਾਲ ਬਿਲਕੁਲ ਉਸੇ ਤਰ੍ਹਾਂ ਹੀ ਹੈ।

ਸਵੈਯੇ ਦਾ ਜਾਂ ਜਾਪੁ ਸਾਹਿਬ ਦਾ ਪਾਠ ਕਰਦਿਆਂ ਛੰਦਾਂ ਦੀ ਚਾਲ ਅਨੁਸਾਰ ਖ਼ੂਨ ਵਿਚ ਜੋਸ਼ ਪੈਦਾ ਹੁੰਦਾ ਹੈ ਪਰ ਖਿਆਲਾਂ ਦੀ ਉਡਾਰੀ ਅਕਾਲ ਪੁਰਖ ਦੇ ਚਰਨਾਂ ਵਿਚ ਹੀ ਜਾਂਦੀ ਹੈ, ਹੋਰ ਕਿਸੇ ਪਾਸੇ ਨਹੀਂ।

ਇਸ ਤਰ੍ਹਾਂ ਸਾਡੀ ਸਿੱਖ ਕੌਮ ਨੂੰ ਆਪਣੇ ਭਵਿੱਖ ਲਈ ਹਮੇਸ਼ਾਂ ਰਹਿਨੁਮਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਤੋਂ ਲੈਂਦਿਆਂ ਇਹ ਪ੍ਰਤੀਤ ਹੁੰਦਾ ਹੈ ਕਿ ਸਾਡੇ ਬਾਹਰਲੇ ਜੀਵਨ ਵਿਚ ਹਾਲਾਤ ਅਤੇ ਜ਼ਮਾਨੇ ਅਨੁਸਾਰ ਥੋਹੜੀ ਜਾਂ ਬਹੁਤੀ ਤਬਦੀਲੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ, ਪੰਥ ਕਰ ਸਕਦਾ ਹੈ ਪਰ ਆਤਮਕ ਨਿਸ਼ਾਨਾ ਸਦਾ ਉਹੋ ਰਹੇਗਾ ਅਤੇ ਰਹਿਣਾ ਵੀ ਚਾਹੀਦਾ ਹੈ ਜੋ ਗੁਰੂ ਨਾਨਕ ਪਾਤਸ਼ਾਹ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਪੰਨੇ, ਹਰ ਸਤਰ ਵਿਚ ਦਰਜ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸਿੱਖ (ਖਾਲਸੇ) ਦੀ ਤਾਰੀਫ਼ ਆਪ ਲਿਖਦੇ ਹੋਏ ਕਹਿੰਦੇ ਹਨ :-

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ, ਗੋਰ, ਮੜ੍ਹੀ, ਮੱਟ ਭੂਲ ਨ ਮਾਨੈ॥*

*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਔਖੇ ਸ਼ਬਦਾਂ ਦੇ ਅਰਥ :-

ਜਾਗਤ ਜੋਤਿ = ਜਾਗ੍ਰਿਤ ਅਤੇ ਪ੍ਰਕਾਸ਼ ਰੂਪ। ਨਿਸ ਬਾਸੁਰ = ਰਾਤ ਦਿਨ। ਏਕ ਬਿਨਾ = ਇਕ ਪ੍ਰਭੂ ਤੋਂ ਬਗੈਰ, ਨੈਕ = ਥੁਹੜਾ ਜਿਹਾ ਵੀ, ਸਜੈ = ਵਿਚ ਸਜਦਾ ਹੈ, ਸਜਾਉਂਦਾ ਹੈ। ਬ੍ਰਤ = ਵਰਤ, ਗੋਰ = ਕਬਰ, ਮੜ੍ਹੀ = ਮਰ ਗਏ ਪ੍ਰਾਣੀ ਦੀ ਰਾਖ ਉਤੇ ਬਣੀ (ਹਿੰਦੂ ਮਰਿਯਾਦਾ ਵਾਲੀ) ਯਾਦਗਾਰ। ਮੱਟ = ਮੱਠ, ਤੀਰਥ = ਐਸੇ ਥਾਂ ਜਿਨਾਂ ਦੀ ਯਾਤਰਾ, ਦਰਸ਼ਨ, ਇਸ਼ਨਾਨ ਆਦਿ ਕੁਝ ਖਾਸ ਮਜ਼੍ਹਬੀ ਮਨੌਂਤਾਂ ਅਨੁਸਾਰ ਆਤਮਕ ਉੱਚਤਾ ਲਈ ਵਿਸ਼ੇਸ਼ਤਾ ਰਖਦੇ ਹਨ।

ਦਇਆ = ਦਇਆ ਦੇ ਨਾਮ ਹੇਠ ਵਰਤੇ ਜਾ ਰਹੇ ਉਹ ਸਾਧਨ ਜਿਨ੍ਹਾਂ ਦਾ ਦਇਆ ਨਾਲ ਕੋਈ ਸੰਬੰਧ ਨਹੀਂ, ਜਿਵੇਂ ਸਾਫ਼ ਪਾਣੀ ਨੂੰ ਫਿਰ ਪੁਣਦੇ ਫਿਰਨਾ, ਮੂੰਹ ਅਤੇ ਨਾਸਾਂ ਉੱਤੇ ਪੱਟੀ ਬੰਨ੍ਹੀ ਰੱਖਣਾ ਤਾਂ ਜੋ ਪਾਣੀ ਪੀਣ ਜਾਂ ਸਾਹ ਲੈਣ ਨਾਲ ਜੀਵ ਨ ਮਾਰੇ ਜਾਣ, ਨੰਗੇ ਪੈਰੀਂ ਤੁਰਨਾ ਤਾਂ ਜੋ ਜੁਤੀ-ਬੂਟ ਹੇਠਾਂ ਜੀਵ ਨ ਮਾਰੇ ਜਾਣ ਆਦਿ। ਤਪ = ਸਰੀਰ ਨੂੰ ਗ਼ੈਰ ਕੁਦਰਤੀ ਕਸ਼ਟ ਦੇਣ ਦੇ ਤਰੀਕੇ ਜਿਨ੍ਹਾਂ ਨੂੰ ਰਬ ਦੀ ਪ੍ਰਾਪਤੀ ਲਈ ਕੀਤਾ ਜਾਣਾ ਦੱਸਿਆ ਜਾਂਦਾ ਹੈ, ਜਿਵੇਂ ਭੁੱਖਾਂ ਕਟਣੀਆਂ, ਅੰਨ-ਜਲ ਆਦਿਕ ਲੋੜੀਂਦੇ ਪਦਾਰਥ ਨ ਛਕਣੇ, ਕਪੜੇ ਨ ਪਾਉਣੇ, ਸਰਦੀਆਂ ਵਿਚ ਠੰਡੇ ਪਾਣੀ 'ਚ ਰਹਿਣਾ, ਚਲ੍ਹੀਏ ਕਟਣੇ ਆਦਿ। ਸੰਜਮ = ਸੰਜਮ ਦੇ ਨਾਮ ਹੇਠ ਵਰਤੇ ਜਾਣ ਵਾਲੇ ਅਣਮੱਤੀ ਸਾਧਣ। ਪੂਰਣ ਜੋਤਿ = ਪ੍ਰਭੂ ਦੇ

ਗਿਆਨ ਦੀ ਭਰਪੂਰ ਰੋਸ਼ਨੀ। ਜਗੈ = ਪ੍ਰਕਾਸ਼ਮਾਨ ਹੋਵੇ, ਘਟ ਮੈ = ਹਿਰਦੇ ਵਿਚ, ਨਖਾਲਸ = ਬਿਲਕੁਲ ਸੁਧ।

ਭਰਮ - ਪਖੰਡ ਦੀ ਮੈਲ ਤੋਂ ਰਹਿਤ ਖ਼ਾਲਸਾ ਜਾਂ ਸ਼ੁਧ ਅਸਲ ਮਨੁੱਖ ਦੇ ਲਛਣ ਗੁਰੂ ਸਾਹਿਬ ਦੱਸਦੇ ਹੋਏ ਕਹਿੰਦੇ ਹਨ ਕਿ ਜੋ ਮਨੁੱਖ ਰਾਤ ਦਿਨ ਉਸ ਪ੍ਰਭੂ ਦਾ ਧਿਆਨ ਧਾਰਦਾ ਹੈ, ਜੋ ਸਾਰੇ ਜਗਤ ਵਿਚ ਜੋਤਿ ਰੂਪ ਹੋ ਕੇ ਪਸਰਿਆ ਹੋਇਆ ਅਤੇ ਪੂਰਨ ਜਾਗ੍ਰਤ ਰੂਪ 'ਚ ਹੈ, ਅਜਿਹੇ ਇਕੋ ਇਕ ਮਾਲਕ ਨੂੰ ਛਡ ਕੇ ਹੋਰ ਕਿਸੇ ਵੀ ਕਿਰਤਮ (ਕੀਤੀ ਹੋਈ) ਹਸਤੀ ਨੂੰ ਥੋਹੜ੍ਹਾ ਜਿਹਾ ਵੀ ਮਨ ਵਿਚ ਨਹੀਂ ਲਿਆਉਂਦਾ, ਜੋ ਅਜਿਹੇ ਪ੍ਰਭੂ ਤੇ ਪੂਰਨ ਵਿਸ਼ਵਾਸ਼ ਰਖ ਕੇ ਉਸ ਨਾਲ ਪੱਕਾ ਪਿਆਰ ਸਜਾਉਂਦਾ ਹੈ, ਅਤੇ ਭੁੱਲ ਕੇ ਵੀ ਕਦੀ ਵਰਤ ਧਾਰਨ ਕਰਨ, ਕਬਰਾਂ, ਮੜ੍ਹੀਆਂ ਆਦਿ ਦੀ ਪੂਜਾ ਨੂੰ ਅਤੇ ਮਠਾਂ ਆਦਿ ਦੇ ਮੰਨਣ ਦੇ ਸਾਧਨਾਂ ਨੂੰ ਨਹੀਂ ਅਪਣਾਉਂਦਾ।

ਜੋ ਅਕਾਲਪੁਰਖ ਨਾਲ ਸੱਚੇ-ਸੁੱਚੇ ਪਿਆਰ ਨੂੰ ਛੱਡਕੇ ਅਨਮਤੀਆਂ ਦੀਆਂ ਤੀਰਥਾਂ ਸੰਬਧੀ ਦਾਨ, ਦਇਆ, ਤਪਸਿਆ ਅਤੇ ਸੰਜਮ ਆਦਿ ਕਈ ਆਪ ਹੁਦਰੀਆਂ ਮਨੌਤਾਂ ਵਿਚ ਕਿਸੇ ਇਕ ਨੂੰ ਵੀ ਮੰਨਣ ਲਈ ਰਾਜੀ ਨ ਹੋਵੇ ਅਤੇ ਜਿਸ ਦੇ ਮਨ ਵਿਚ ਪ੍ਰਭੂ ਦੇ ਪੂਰਨ ਗਿਆਨ ਦੀ ਜੋਤ ਲਟ ਲਟ ਕਰਕੇ ਜਲ ਰਹੀ ਹੋਵੇ, ਉਹੋ ਹੀ ਸ਼ੁਧ ਆਦਰਸ਼ਕ ਇਨਸਾਨ, ਅਥਵਾ ਖ਼ਾਲਸਾ ਹੈ ਅਤੇ ਅਜਿਹਾ ਧਰਮੀ ਜੀਉੜ੍ਹਾ ਹੀ, ਪੂਰਨ ਖਾਲਸਾ ਅਖਵਾ ਸਕਦਾ ਹੈ।

ਸੋ ਅਸੀਂ ਇਸ ਤਰ੍ਹਾਂ ਦਾ ਖਾਲਸਾ
ਬਣਨਾ ਅਤੇ ਅਖਵਾਉਣਾ ਹੈ।

# ਸਦਾ ਯਾਦ ਰੱਖੀਏ !

1. ਸਿੱਖ ਨੂੰ ਗੁਰੂ ਦਾ ਹੁਕਮ ਹੈ ਕਿ ਉਹ ਆਪਸ ਵਿਚ ਇਕ ਦੂਜੇ ਨੂੰ ਮਿਲਣ ਸਮੇਂ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੁਲਾਏ।
2. ਸਿੱਖ ਲਈ ਕੇਸ ਗੁਰੂ ਕੀ ਮੋਹਰ ਹਨ। ਇਸ ਲਈ ਇਨ੍ਹਾਂ ਦੇ ਸਤਿਕਾਰ ਨੂੰ ਧਿਆਨ ਵਿਚ ਰਖਦਿਆਂ ਕਦੇ ਨੰਗੇ ਕੇਸੀਂ ਗਲੀਆਂ ਬਾਜ਼ਾਰਾਂ ਵਿਚ ਫਿਰਨਾ ਜਾਂ ਜੰਗਲ-ਪਾਣੀ ਨਹੀਂ ਜਾਣਾ ਚਾਹੀਦਾ।
3. ਸਿੱਖ ਮੂਰਤੀ-ਪੂਜ ਨਹੀਂ। ਇਸ ਲਈ ਬਜ਼ਾਰਾਂ ਵਿਚ ਵਿਕਦੀਆਂ ਕਲਪਤ (ਗੁਰ) ਤਸਵੀਰਾਂ ਨੂੰ ਧੂਪ ਧੁਖਾਉਣਾ, ਮਥਾ ਟੇਕਣਾ, ਸਿਹਰੇ ਪਾਉਣਾ ਗੁਰ ਆਸ਼ੇ ਦੇ ਬਿਲਕੁਲ ਉਲਟ ਹੈ। ਜੋ ਨਹੀਂ ਹੋਣਾ ਚਾਹੀਦਾ।
4. ਪ੍ਰਵਾਣਿਤ ਸਿੱਖ ਰਹਿਤ ਮਰਿਯਾਦਾ ਅਨੁਸਾਰ ਅਖੰਡ-ਪਾਠ ਜਾਂ ਕਿਸੇ ਵੀ ਪਾਠ ਸਮੇਂ ਕੁੰਭ ਰਖਣਾ, ਜੋਤ ਜਗਾਉਣੀ, ਨਾਰੀਅਲ ਆਦਿ ਜਾਂ ਨਾਲ ਦੀ ਨਾਲ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰਖਣਾ ਮਨਮਤ ਹੈ।
5. ਸੰਗਤ ਵਿਚ ਇਕ ਸਮੇਂ ਇਕ ਹੀ ਗਲ ਹੋਣੀ ਚਾਹੀਦੀ ਹੈ ਕੀਰਤਨ ਜਾਂ ਪਾਠ ਜਾਂ ਕਥਾ ਵਖਿਆਣ।
6. ਗੁਰਬਾਣੀ ਦੇ ਗੁਟਕੇ, ਸੈਂਚੀਆਂ-ਪੋਥੀਆਂ ਨੂੰ ਸਤਿਕਾਰ ਵਜੋਂ ਰੁਮਾਲਿਆਂ ਵਿਚ ਲਪੇਟ ਕੇ ਯੋਗ ਉੱਚੀ ਥਾਂ ਰਖਣਾ ਚਾਹੀਦਾ ਹੈ।

ਨੋਟ : ਇਹ ਅਤੇ ਇਸ ਤਰ੍ਹਾਂ ਹਰ ਮਹੀਨੇ ਛਪਣ ਵਾਲੇ ਟ੍ਰੈਕਟ ਡਾਕ ਖਰਚ ਸਮੇਤ 50/- ਸੈਂਕੜਾ ਦੇ ਹਿਸਾਬ (ਲਾਗਤ ਨਾਲੋਂ ਘਟ ਮੁਲ ਤੇ) ਮੰਗਵਾ ਕੇ ਪ੍ਰਚਾਰ ਹਿਤ ਫਰੀ ਵੰਡਣ ਦੀ ਸੇਵਾ ਕਰਨ ਲਈ ਭੇਟਾ ਸ: ਦੀਦਾਰ ਸਿੰਘ, C-129, ਵਿਕਾਸ ਕਾਲੋਨੀ (ਕੌਲਾਂ ਵਾਲਾ ਟੋਭਾ) ਨੂੰ ਭੇਜੀ ਜਾ ਸਕਦੀ ਹੈ।

ਪ੍ਰਾਰਥਕ

# ਸਿੰਘੋ ! ਆਲਾ-ਦੁਆਲਾ ਸੰਭਾਲੋ !!

- ਖਾਲਸਾ ਸਰੂਪ ਅਤੇ ਚਰਿਤਰ ਨੂੰ ਢਾਹ ਲਗ ਰਹੀ ਹੈ। ਪੰਥ ਦਰਦੀ ਵੇਲਾ ਸੰਭਾਲਣ। ਆਪਣੀ ਨੇਕ ਕਮਾਈ ਵਿਚੋਂ ਹਰ ਮਹੀਨੇ ਕੁਝ ਨ ਕੁਝ ਖਰਚ ਕਰਕੇ ਧਾਰਮਿਕ ਲਿਟ੍ਰੇਚਰ ਜ਼ਰੂਰ ਖਰੀਦ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜਾਉਣ ਦੀ ਸੇਵਾ ਕਰੋ।
- ਬੱਚਿਆਂ ਦੇ ਕੇਸਾਂ ਵਿਚ ਕੰਘਾ ਅਤੇ ਸਿਰ ਉਤੇ ਦਸਤਾਰ ਜ਼ਰੂਰ ਹੋਣੀ ਚਾਹੀਦੀ ਹੈ। ਨੰਗਾ ਸਿਰ ਕੋਝਾ ਕਰਮ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਥੇ 'ਸਾਬਤ ਸੂਰਤ ਦਸਤਾਰ ਸਿਰਾ' ਲਿਖਿਆ ਹੋਇਆ ਹੈ ਉਥੇ ਭਾ: ਨੰਦ ਲਾਲ ਜੀ ਦੇ ਰਹਿਤਨਾਮੇ ਵਿਚ :-

  *'ਕੰਘਾ ਦੋਨੋਂ ਵਕਤ ਕਰ ਪਾਗ ਚੁਨੈ ਕਰ ਬਾਧਈ'* ਵੀ ਦਰਜ ਹੈ।
- ਸਿੱਖ ਕੌਮ ਨੂੰ ਨਸ਼ਿਆਂ ਤੋਂ ਮਿਲ ਰਹੀ ਨਮੋਸ਼ੀ ਤੋਂ ਬਚਾਓ।
- ਪੰਜਾਬੀ ਸਾਨੂੰ ਮਾਂ ਦੇ ਦੁੱਧ ਨਾਲ ਮਿਲੀ ਹੈ, ਇਸ ਨੂੰ ਮਾਂ ਵਾਲਾ ਪਿਆਰ ਦਿਓ। ਪੰਜਾਬੀ ਜ਼ਰੂਰ ਪੜ੍ਹੋ ਅਤੇ ਆਪਣੇ ਬੱਚਿਆਂ ਨੂੰ ਜ਼ਰੂਰ ਪੜ੍ਹਾਓ ਕਿਉਂਕਿ ਆਪਣੇ ਗੁਰੂ ਪਾਤਸ਼ਾਹ ਦੇ ਬੋਲ (ਬਚਨ) ਪੰਜਾਬੀ ਵਿਚ ਹੀ ਲਿਖੇ ਹੋਏ ਹਨ। ਇਨ੍ਹਾਂ ਨੂੰ ਪੜ੍ਹਨਾ, ਵੀਚਾਰਨਾ ਤੇ ਅਮਲ ਵਿਚ ਲਿਆਉਣਾ ਹੀ ਸਿੱਖ ਦਾ ਪਹਿਲਾ ਫ਼ਰਜ਼ ਹੈ।
- ਸਿੱਖ ਨੂੰ ਆਪਣੇ ਨਾਂ ਨਾਲ ਗੁਰੂ ਪਾਤਸਾਹ ਦੇ ਬਖਸ਼ੇ ਸ਼ਬਦ 'ਸਿੰਘ' ਅਤੇ 'ਕੌਰ' ਲਿਖਣੇ ਅਤੇ ਕਾਰਡਾਂ ਆਦਿ ਉਤੇ ਛਪਵਾਉਣੇ ਕਦੇ ਨਹੀਂ ਭੁਲਣੇ ਚਾਹੀਦੇ ਅਤੇ ਨਾ ਹੀ ਕਦੇ ਨਾਂ ਦੇ ਨਾਲ ਜ਼ਾਤ-ਗੋਤ ਲਿਖਣੀ ਚਾਹੀਦੀ ਹੈ। ਜ਼ਾਤ ਗੋਤ ਕਰਕੇ ਬੁਲਾਉਣਾ ਵੀ ਠੀਕ ਨਹੀਂ।
- ਸਿੱਖ ਨੂੰ ਇਕ ਦੂਜੇ ਦੇ ਨਾਂ ਨਾਲ ਸਰਦਾਰ ਲਿਖੋ।